ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026
ISSN: 2583-9446 (O)
Paper Id: ARMN040204
Available online at: www.armaan.org.in
DOI: https://doi.org/10.64119/armaan.vol.4.issue2.04

# ਸੁਰਿੰਦਰ ਨੀਰ ਰਚਿਤ ਨਾਵਲ 'ਮਾਇਆ' ਦਾ ਵਿਚਾਰਧਾਰਕ ਪਰਿਪੇਖ
# Surinder Neer Rachit naval 'Maya' da Vichardharak Prepekh

**ਡਾ. ਮਨਪ੍ਰੀਤ ਕੌਰ (Dr. Manpreet Kaur)**
ਪੰਜਾਬੀ ਅਧਿਆਪਕ (Punjabi Teacher)
ਸਕੂਲ ਸਿੱਖਿਆ ਵਿਭਾਗ, ਪੰਜਾਬ
Email ID: jhinjermanpreet@gmail.com

**ਸਾਰ (Abstract)**

*'ਮਾਇਆ' ਸੁਰਿੰਦਰ ਨੀਰ ਦਾ ਵੱਡ ਅਕਾਰੀ ਚਿੱਤਰਪਟ 'ਤੇ ਫੈਲਿਆ ਬਹੁ-ਚਰਚਿਤ ਨਾਵਲ ਹੈ। ਨਾਵਲ ਦਾ ਕਥਾ ਵਸਤੂ, ਮੁੱਖ ਪਾਤਰ ਬਲਵੀਰ ਤੇ ਉਸ ਨਾਲ ਸੰਬੰਧਤ ਰਿਸ਼ਤਿਆਂ ਵਿਚੋਂ ਜੰਮੂ ਵਰਗੇ ਪਹਾੜੀ ਸ਼ਹਿਰ ਤੋਂ ਲੈ ਕੇ ਅਤਿ ਵਿਕਸਤ ਮਾਇਆ ਨਗਰੀ ਵਰਗੇ ਸ਼ਹਿਰਾਂ ਵਿਚ ਔਰਤ ਦੀ ਸਥਿਤੀ ਨੂੰ ਸਿਰਜਦਾ ਹੈ। ਮੁੱਖ ਕਥਾ ਦੇ ਸਮਵਿੱਥ ਬਿਰਤਾਂਤਕਾਰ ਨੇ 'ਸ੍ਰੀ ਹਰਿਮੰਦਰ ਸਾਹਿਬ' 'ਤੇ ਹਮਲੇ ਅਤੇ ਮਹਾਂਨਗਰੀ ਦਿੱਲੀ ਦੇ ਚੁਰਾਸੀ ਦੇ ਦੰਗਿਆਂ ਦੀਆਂ ਇਤਿਹਾਸਕ ਘਟਨਾਵਾਂ ਦਾ ਬਿਰਤਾਂਤ ਵੀ ਸਿਰਜਿਆ ਹੈ। 'ਮਾਇਆ' ਇਕਹਿਰੇ ਬਿਰਤਾਂਤ ਸਿਰਜਦਾ ਨਾਵਲ ਨਹੀਂ ਹੈ ਸਗੋਂ ਇਹ ਬਹੁ-ਪਰਤੀ ਤੇ ਬਹੁ-ਦਿਸ਼ਾਵੀਂ ਬਿਰਤਾਂਤ ਨੂੰ ਸਿਰਜਦਾ ਮੁੱਖ ਪਾਤਰ ਬਲਵੀਰ ਕੌਰ ਬਿੱਲੀ ਦਾ ਬਲਵੀਰ ਤੋਂ ਮਾਇਆ ਬਣਨ ਦੇ ਸਫ਼ਰ ਦੀ ਨਿਸ਼ਾਨਦੇਹੀ ਕਰਦਾ ਉਸਦੇ ਚਰਿੱਤਰ ਦੀ ਖਾਨਾਬਦੋਸ਼ੀ ਨੂੰ ਉਭਾਰਦਾ ਹੈ। ਨਾਵਲੀ ਬਿਰਤਾਂਤ ਮਾਇਆ ਦੇ ਸਮਵਿੱਥ ਰੀਟਾ, ਸ਼ਪਰਸ਼, ਸੁਖਮ, ਤਾਬਿੰਦਾ ਤੇ ਕਿੰਨੀਆਂ ਹੀ ਹੋਰ ਔਰਤਾਂ ਦੇ ਆਪਣੀ ਹੋਂਦ ਲਈ ਜੱਦੋ-ਜਹਿਦ ਕਰਦੀਆਂ, ਪਰਿਵਾਰ ਤੇ ਸਮਾਜ ਦੇ ਸਾਹਮਣੇ ਬੇਬੱਸ ਹੋਈ ਉਨ੍ਹਾਂ ਦੀ ਹੋਂਦ ਦੇ ਜ਼ੀਰ ਜਾਣ ਦਾ ਬਿਰਤਾਂਤ ਸਿਰਜਦਾ ਹੈ। ਹਥਲੇ ਖੋਜ-ਪੇਪਰ ਵਿਚ ਵੱਡ ਅਕਾਰੀ ਚਿੱਤਰਪਟ 'ਤੇ ਫੈਲੇ ਨਾਵਲ 'ਮਾਇਆ' ਦੇ ਕਥਾਨਕੀ ਬਿਰਤਾਂਤ ਪਿੱਛੇ ਕਾਰਜਸ਼ੀਲ ਵਿਚਾਰਧਾਰਾਈ ਅਧਾਰਾਂ ਨੂੰ ਪਛਾਣ ਕੇ ਮੁੱਖ ਪਾਤਰ 'ਮਾਇਆ' ਦੇ ਚਰਿੱਤਰ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।*

***ਕੀਵਰਡ (Keyword):*** *ਵਿਚਾਰਧਾਰਾ, ਔਰਤ ਦੀ ਹੋਂਦ ਦਾ ਮਸਲਾ, ਮਰਦ ਪ੍ਰਧਾਨ ਸਮਾਜ, ਪਿਤਰਕੀ/ਮਰਦਾਵੀਂ ਸੱਤਾ।*

'ਮਾਇਆ' ਨਾਵਲ ਦੀ ਬਿਰਤਾਂਤਕਾਰ ਖੁਦ ਔਰਤ ਹੋਣ ਦੇ ਨਾਤੇ ਔਰਤ ਦੀ ਹੋਂਦ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੈ। ਔਰਤ ਦੀ ਹੋਂਦ ਦਾ ਮਸਲਾ ਸਮੁੱਚੇ ਨਾਵਲ ਦੇ ਆਰ-ਪਾਰ ਫੈਲਿਆ ਹੋਇਆ ਹੈ। ਔਰਤ ਨੂੰ ਇਕ ਵਸਤ ਸਮਝ ਉਸ 'ਤੇ ਕਬਜੇ ਦੀ ਲਾਲਸਾ ਵਿਚੋਂ ਮਰਦ ਪ੍ਰਧਾਨ ਸਮਾਜ ਨੇ ਕਈ ਅਜਿਹੇ ਨਿਯਮ ਸਿਰਜੇ ਹਨ ਜੋ ਔਰਤ ਨੂੰ ਹਮੇਸ਼ਾ ਪੈਰ ਦੀ ਜੁੱਤੀ ਸਮਝਦੇ ਹਨ। ਹਥਲੇ ਨਾਵਲ ਵਿਚ ਔਰਤ ਦੀ ਅਜਿਹੀ ਸਮਾਜਿਕ ਸਥਿਤੀ ਦਾ ਬਿਰਤਾਂਤ ਕਈ ਔਰਤ ਪਾਤਰਾਂ ਰਾਹੀਂ ਸਿਰਜਿਆ ਗਿਆ ਹੈ। ਪਹਿਲਾ ਹਥਿਆਰ ਜੋ ਸਮਾਜ ਦੁਆਰਾ ਔਰਤ ਨੂੰ ਕਾਬੂ ਵਿਚ ਰੱਖਣ ਲਈ ਵਰਤਿਆ ਜਾਂਦਾ ਹੈ, ਉਹ ਸਦਾਚਾਰਕਤਾ ਦਾ ਪਾਠ ਪੜ੍ਹਾਉਣਾ ਹੈ। ਨਾਵਲੀ ਬਿਰਤਾਂਤ ਵਿਚ ਬਲਵੀਰ ਦੇ ਪੇਂਟਿੰਗ ਵਿਚੋਂ ਫਸਟ ਆਉਣ 'ਤੇ ਅਖ਼ਬਾਰ ਵਿਚ ਛਪੀ ਉਸ ਦੀ ਫੋਟੋ ਤੋਂ ਨਰਾਜ਼ ਉਸਦੀ ਸੱਸ ਸਦਾਚਾਰਕਤਾ ਦਾ ਪਾਠ ਪੜ੍ਹਾਉਂਦੀ ਹੈ:

> *"ਸਾੜਾ ਕੀ ਐ ਬੇਬੋ, ਅਸ ਤਾਂ ਆਪਣੇ ਮੁੰਡੇ ਨੀ ਕਿਤੇ ਵੀ ਬਿਆਈ ਛੋੜਸਾਂ ਸ਼ਾਨ ਨਾਲ। ਪਰ ਤੁਸ ਦਿਖੀ ਘਿੰਨੋ ਅਜੇ ਮਹੀਨਾ ਪਿਆ ਬਿਆਹ ਨੂੰ। ਇਸੀ ਸਮਝਾਈ ਛੋੜੋ। ਨ੍ਹਾਂ ਧੀਆਂ ਨੀ ਇੱਜ਼ਤ ਇਸੇ ਵਿਚ ਹੋਣੀ ਕਿ ਉਹ ਬੜੀਆਂ ਬਜ਼ੁਰਗਾਂ ਨੀ ਗੱਲ ਮੰਨੀ ਐ ਮਾਣ ਮਰਿਯਾਦਾ ਬਿਚ ਰਹਿਣ। ਉਂਹਾਂ ਸਾਡੇ ਮੁੰਡੇ ਨਾ ਕਿਹੜਾ ਕੁੜੀਆਂ ਨਾ ਘਾਟੈ। ਮਹੀਨੇ ਅੰਦਰ ਵੀ ਅਜੇ ਪੰਜਾਹ ਸ਼ਰੀਫ ਘਰਾਂ ਦੀਆਂ ਕੁੜੀਆਂ ਨਾ ਰਿਸ਼ਤਾ ਲੱਭੀ ਸਕਣੀਆਂ ਮੈਂ।"[1]*

ਉਪਰੋਕਤ ਵਾਰਤਾਲਾਪ ਵਿਚੋਂ ਸ਼ਪੱਸਟ ਹੈ ਕਿ ਪੇਂਟਿੰਗ ਦਾ ਸ਼ੌਕ ਪਾਲਣ ਵਾਲੀ ਕੁੜੀ ਉਸ ਦੀ ਸੱਸ ਲਈ ਸ਼ਰੀਫ਼ ਕੁੜੀ ਦਾ ਦਰਜਾ ਨਹੀਂ ਰੱਖਦੀ। ਕੁੜੀਆਂ ਨੂੰ ਸ਼ਰੀਫ਼ ਹੋਣ ਦਾ ਦਰਜਾ ਉਦੋਂ ਮਿਲਦਾ ਹੈ ਜਦੋਂ ਉਹ ਸਮਾਜ ਦੇ ਬਣਾਏ ਨਿਯਮਾਂ ਅਨੁਸਾਰ ਬਿਨਾਂ ਕਿਸੇ ਸਵਾਲ ਦੇ ਆਪਣੀ ਜ਼ਿੰਦਗੀ ਦੀ ਡੋਰ ਕਿਸੇ ਦੇ ਹੱਥ ਵਿਚ ਦੇਈ ਰੱਖਣ। ਜ਼ਰਾ ਕੁ ਮਰਜ਼ੀ ਅਨੁਸਾਰ ਜੀਣ ਦੀ ਇੱਛਾ 'ਸ਼ਰੀਫ਼ ਕੁੜੀ' ਦਾ ਟੈਗ ਉਸ ਕੋਲੋ ਖੋਹ ਲੈਂਦੀ ਹੈ। ਇੱਥੇ ਬਲਵੀਰ ਦੀ ਹੋਣ ਵਾਲੀ ਸੱਸ ਜਗੀਰੂ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਹੈ। ਜਗੀਰੂ ਮਰਦਾਵੀਂ ਵਿਚਾਰਧਾਰਾ ਔਰਤ ਨੂੰ ਚੰਗੀ/ਮਾੜੀ ਵਿਰੋਧ ਜੁੱਟ ਵਿਚ ਰੱਖ ਕੇ ਵੇਖਦੀ ਹੈ।

ਸਮਾਜ ਦੇ ਨਿਯਮਾਂ ਅਨੁਸਾਰ ਬਲਵੀਰ ਨੇ ਆਪਣੀ ਪੜਨਾਨੀ ਤੇ ਮਾਂ ਦੇ ਰੂਪ ਵਿਚ ਔਰਤ ਨੂੰ ਸਦਾ ਘੁਟ-ਘੁਟ ਕੇ ਜੀਣ ਲਈ ਮਜ਼ਬੂਰ ਹੁੰਦੇ ਵੇਖਿਆ ਸੀ। ਬਲਵੀਰ ਦੀ ਮਾਂ ਪਾਰੋ ਕਦੇ ਆਪਣੇ ਲਈ ਜਾਂ ਆਪਣੀ ਧੀ ਲਈ ਸਮਾਜ ਜਾਂ ਪਰਿਵਾਰ ਅੱਗੇ ਡਟ ਕੇ ਨਹੀਂ ਖੜ ਸਕੀ। ਉਹ ਹਰ ਜ਼ੁਲਮ ਚੁੱਪ ਕਰਕੇ ਸਹਿ ਲੈਂਦੀ ਸੀ। ਇਹੀ ਬਿਰਤਾਂਤ ਉਸ ਦੀ ਪੜਨਾਨੀ ਦੀ ਕਹਾਣੀ ਸਿਰਜਦਾ ਹੈ ਜੋ ਰੰਗਾਂ ਵਿਚੋਂ ਜ਼ਿੰਦਗੀ ਲੱਭਦੀ ਸੀ, ਪਰ ਉਸ ਨੂੰ ਪਤੀ ਵੱਲੋਂ ਸਿਰਫ਼ ਡਰ ਤੇ ਰੋਹਬ ਹੀ ਮਿਲਿਆ ਸੀ। ਜਦੋਂ ਮੁੱਖ ਪਾਤਰ ਬਲਵੀਰ/ ਮਾਇਆ ਸਾਹਮਣੇ ਅਜਿਹੀ ਸਥਿਤੀ ਬਣਦੀ ਹੈ ਤਾਂ ਉਹ ਆਪਣੀ ਮਾਂ ਜਾਂ ਪੜਨਾਨੀ ਵਾਂਗ ਚੁੱਪ ਕਰਕੇ ਇਸ ਨੂੰ ਸਹਿਣ ਦੀ ਬਜਾਏ ਇਸ ਦੇ ਵਿਰੁੱਧ ਖੜੀ ਹੁੰਦੀ ਹੈ।

*"ਉਸ ਨੇ ਕੀ ਨਾਂਹ ਕਰਨੀ ਹੈ ਤਾਈ, ਮੈਂ ਹੀ ਨਾਂਹ ਕਰਦੀ ਹਾਂ ਉਹਦੇ ਘਰ ਵਿਆਹ ਕਰਨ ਤੋਂ। ਮੈਂ ਮਰ ਜਾਊਂਗੀ ਪਰ ਉਹਦੇ ਘਰ ਵਿਆਹ ਨਹੀਂ ਕਰਾਵਾਂਗੀ... ।ਹੁਣ ਉਹ ਭਾਵੇਂ ਜਿੱਥੇ ਮਰਜ਼ੀ ਆਪਣੇ ਪੁੱਤ ਦਾ ਵਿਆਹ ਕਰ ਦੇਵੇ।" ਆਖ ਬਲਵੀਰ ਉੱਥੋਂ ਜਾਣ ਹੀ ਲੱਗੀ ਸੀ ਕਿ ਗੁਰਤੇਜ ਨੇ ਭੱਜ ਕੇ ਉਸ ਨੂੰ ਘੜੀਸ ਲਿਆ। ਕੱਚ ਦੀਆਂ ਵੰਗਾਂ ਟੁੱਟ ਕੇ ਉਸ ਦੀ ਬਾਂਹ ਵਿਚ ਖੁੱਭ ਗਈਆਂ ਤੇ ਡੂੰਘੇ ਜ਼ਖ਼ਮਾਂ ਕਾਰਨ ਲਹੂ ਦੀਆਂ ਤਤੀਰੀਆਂ ਵਗ ਤੁਰੀਆਂ।"*[2]

ਬਿਰਤਾਂਤਕਾਰ ਨੇ ਭਾਵੇਂ ਬਲਵੀਰ ਨੂੰ ਆਪਣੀ ਹੋਂਦ ਲਈ ਅਵਾਜ਼ ਉਠਾਉਣ ਵਾਲੀ ਔਰਤ ਦੇ ਰੂਪ ਵਿਚ ਚਿਤਰਿਆ ਹੈ ਪਰ ਸਮਾਜ ਦੇ ਪ੍ਰਤੀਨਿਧ ਉਸ ਦੇ ਪਿਤਾ ਦੁਆਰਾ ਉਸ ਦੀ ਹੋਂਦ ਨੂੰ ਉਸੇ ਸਮੇਂ ਚਕਨਾਚੂਰ ਕਰ ਦਿੱਤਾ ਜਾਂਦਾ ਹੈ ਜਦੋਂ ਉਸ ਦੇ ਮੂੰਹ 'ਤੇ ਉਸ ਦਾ ਪਿਤਾ ਥੱਪੜ ਮਾਰਦਾ ਹੈ। ਇਸ ਘੁਟਨ ਦਾ ਅਹਿਸਾਸ ਬਲਵੀਰ ਨੂੰ ਉਦੋਂ ਵੀ ਹੁੰਦਾ ਹੈ ਜਦੋਂ ਕਸ਼ਮੀਰ ਵਿਖੇ ਨਾਨਾ-ਨਾਨੀ ਦੇ ਘਰੋਂ ਲਿਆ ਕੇ ਜੰਮੂ ਦੇ ਭੀੜੀਆਂ ਗਲੀਆਂ ਵਾਲੇ ਘਰ ਵਿਚ ਉਸ ਦੇ ਪਿਤਾ ਨੇ ਉਸ ਨੂੰ ਗੀਤ ਗਾਉਣ ਤੋਂ ਵਰਜਿਆ ਸੀ। ਇਸ ਪ੍ਰਕਾਰ ਔਰਤ ਨੂੰ ਸਮਾਜਿਕ ਮਰਿਯਾਦਾ ਵਿਚ ਰੱਖਣ ਲਈ ਮਰਦ ਹਿੰਸਕ ਤੇ ਗ਼ੈਰ-ਹਿੰਸਕ ਦੋਵੇਂ ਤਰੀਕੇ ਵਰਤਦਾ ਹੈ।

*"ਕੀ ਹਰ ਵੇਲੇ ਰਾਗ ਲਾਈ ਰਹਿਨੀ ਐਂ? ਗਲੀ ਮੁਹੱਲੇ ਤੋੜੀ ਤੇਰੀਆਂ ਰਾਗਨੀਆਂ ਲਹਿਰਾਂਦੀਆਂ ਰਹਿੰਦੀਆਂ ਹਨ। ਲੋਕੀਂ ਸੋਚਦੇ ਹੋਣਗੇ ਇਹ ਘਰ ਨਹੀਂ ਕੋਠਾ ਹੈ।" ਜਿਸ ਦਿਨ ਪਿਓ ਨੇ ਇਹ ਕਹਿ ਕੇ ਉਸ ਨੂੰ ਝਿੜਕਿਆ ਸੀ, ਉਸ ਦਿਨ ਤੋਂ ਬਾਅਦ ਉਸਦੇ ਸਾਰੇ ਗੀਤ ਉਸ ਦੇ ਸੰਘ ਅੰਦਰ ਹੀ ਘੁੱਟ ਕੇ ਦਮ ਤੋੜ ਗਏ ਸਨ।"* [3]

*"ਨਾਵਲ ਦਾ ਕੇਂਦਰੀ ਪਾਤਰ ਮਾਇਆ ਦਾ ਕਿਰਦਾਰ ਪਿਤਾ ਪੁਰਖੀ ਸਥਾਪਨਾ 'ਚ ਖਲਲ ਪੈਦਾ ਕਰਦਾ ਹੈ। ਉਹ ਘਰ ਤੋਂ ਬਾਹਰ ਵੱਲ ਤੁਰ ਪੈਂਦੀ ਹੈ, ਅੰਨ੍ਹੀ ਗਲੀ ਵਲ। ਚਿੱਤ ਵਿਚ ਪੇਂਟਿੰਗ ਸਿੱਖਣ, ਕਲਾ ਸੰਸਾਰ ਦੀ ਟੀਸੀ 'ਤੇ ਪੁੱਜਣ ਦਾ ਭੂਤ ਸਵਾਰ ਹੈ। ਘਰ ਤੋਂ ਬਾਹਰ ਜੋ ਸਪੇਸ ਹੈ ਉਥੇ 'ਬਘਿਆੜ' ਹਨ। 'ਔਰਤ ਬਨਾਮ ਮਰਦ ਸੰਸਾਰ' ਦਾ ਸਮੱਸਿਆਕਾਰ (ਪ੍ਰਾਬਲਮੈਟਿਕ) ਸਾਹਮਣੇ ਆਉਂਦਾ ਹੈ।"*[4] ਇਸੇ ਪ੍ਰਭਾਵ ਅਧੀਨ ਆਪਣੇ ਪਿਤਾ ਦੇ ਅਜਿਹੇ ਦਕਿਆਨੂਸੀ ਕਾਬਜ ਵਿਵਹਾਰ ਤੋਂ ਆਪਣੀ ਅਜ਼ਾਦ ਹੋਂਦ ਦੀ ਤਲਾਸ਼ ਵਿਚ ਮਾਇਆ ਘਰੋਂ ਭੱਜ ਜਾਂਦੀ ਹੈ। ਘਰ ਵਿਚ ਭਾਵੇਂ ਉਸ ਦੇ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ, ਇਹ ਵਿਆਹ ਵੀ ਉਸ ਦੀ ਪਸੰਦ ਦੇ ਮੁੰਡੇ ਨਾਲ਼ ਹੋ ਰਿਹਾ ਸੀ ਪਰ ਫਿਰ ਵੀ ਉਹ ਆਪਣੇ ਪੇਂਟਿੰਗ ਦੇ ਜ਼ਜਬੇ ਪ੍ਰਤੀ ਉਸ ਦੇ ਸਹੁਰੇ ਪਰਿਵਾਰ ਦਾ ਨਜ਼ਰੀਆ ਜਾਣ ਗਈ ਸੀ। ਜਿਸ ਦਾ ਨਤੀਜਾ ਕਿਸੇ ਵੀ ਤਰ੍ਹਾਂ ਉਸ ਦੀ ਮਾਂ ਦੇ ਵਿਆਹ ਤੋਂ ਵੱਖਰਾ ਨਹੀਂ ਸੀ ਹੋਣਾ। ਇਸੇ ਲਈ ਸਭ ਕੁਝ ਵਿੱਚੇ ਛੱਡ ਆਪਣੀ ਸੁਤੰਤਰ ਹੋਂਦ ਲਈ ਪਿਤਾ-ਪੁਰਖੀ ਸਮਾਜ ਵਿਰੁੱਧ ਬਗਾਵਤ ਕਰਦੀ ਘਰੋਂ ਭੱਜ ਜਾਂਦੀ ਹੈ। ਅੱਲੜ ਉਮਰ ਦੀ ਕੁੜੀ ਦੇ ਵਿਆਹ ਵਿਚੇ ਛੱਡ ਭੱਜਣ ਬਾਰੇ ਟਰੇਨ ਵਿਚ ਮਿਲੇ ਅੰਕਲ ਆਂਟੀ ਨਾਲ਼ ਗੱਲਬਾਤ ਕਰਦੇ ਉਸ ਦੀ ਵਿਆਹ ਬਾਰੇ ਵਿਚਾਰਧਾਰਾ ਸਪੱਸ਼ਟ ਹੁੰਦੀ ਹੈ। ਉਹ ਜਗੀਰੂ ਸਮਾਜ ਵਿਚ ਵਿਆਹ ਨਾਲ਼ ਜੁੜੇ ਰੋਮਾਂਸ 'ਤੇ ਸਵਾਲ ਖੜੇ ਕਰਦੀ, ਵਿਆਹ ਦੇ ਓਹਲੇ ਵਿਚ ਹੁੰਦੇ ਔਰਤ ਦੇ ਸ਼ੋਸ਼ਣ ਦੀ ਗੱਲ ਕਰਦੀ ਹੈ।

*"ਕਿਉਂ ਪੁੱਤਰ? ਐਸੀ ਕੀ ਗੱਲ ਹੈ? ਤੇਰੀ ਉਮਰ ਦੀਆਂ ਕੁੜੀਆਂ ਨੂੰ ਤਾਂ ਸਗੋਂ ਵਿਆਹ ਦਾ ਚਾਅ ਹੁੰਦਾ ਹੈ।"*

"ਹੁੰਦਾ ਹੋਏਗਾ ਅੰਕਲ...ਪਰ ਉਨ੍ਹਾਂ ਸ਼ਾਇਦ ਵਿਆਹ ਬਾਰੇ ਉਹ ਕੁਝ ਨਹੀਂ ਵੇਖਿਆ ਸੁਣਿਆ ਹੋਵੇਗਾ ਜੋ ਮੈਂ ਵੇਖਿਆ ਸੁਣਿਆ ਹੈ। ਸੱਚ ਪੁੱਛੋਂ ਤਾਂ ਅੰਕਲ, ਵਿਆਹ ਔਰਤ ਦੇ ਸੁਪਨੇ, ਰੀਝਾਂ, ਸੱਧਰਾਂ, ਗੀਤ ਤੇ ਹਾਸੇ ਖੋਹ ਕੇ ਉਸ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਕੈਦ ਕਰ ਦੇਂਦਾ ਹੈ।" [5]

ਬਿਰਤਾਂਤਕਾਰ ਦੀ ਨਾਵਲੀ ਸੂਝ ਰਵਾਇਤੀ ਪੱਧਰ ਦੀ ਸਾਬਤ ਹੁੰਦੀ ਹੈ ਜਦੋਂ ਉਹ ਇਕ ਪਾਤਰ ਨੂੰ ਪਿਤਾ ਪੁਰਖੀ ਸਮਾਜ ਦੀਆਂ ਸਥਾਪਤ ਕਦਰਾਂ-ਕੀਮਤਾਂ ਨੂੰ ਵੰਗਾਰ ਕੇ ਘਰੋਂ ਬਾਹਰ ਦੀ ਸਪੇਸ ਵਿਚ ਦਾਖਲ ਕਰਾਉਂਦੀ ਹੈ। ਇਸੇ ਤਰ੍ਹਾਂ ਨਾਵਲ ਦੇ ਇਕ ਹੋਰ ਔਰਤ ਪਾਤਰ ਸ਼ਪਰਸ਼ ਨੂੰ ਸੁਖਾਵੇਂ ਘਰੇਲੂ ਮਾਹੌਲ ਵਿਚੋਂ ਕੱਢ ਕੇ ਪਿਤਾ-ਪੁਰਖੀ ਜਗੀਰੂ ਸੋਚ ਦੇ ਧਾਰਨੀ ਪਰਿਵਾਰ ਨਾਲ਼ ਬੰਨ੍ਹ ਦਿੰਦੀ ਹੈ, ਜਦੋਂ ਸ਼ਪਰਸ਼ ਆਪਣੇ ਭਰਾ ਸਾਹਿਬਜੀਤ ਦੀ ਸਲਾਮਤੀ ਲਈ ਸੰਦੀਪ ਦੇ ਰਿਸ਼ਤੇ ਨੂੰ ਹਾਂ ਕਰ ਦਿੰਦੀ ਹੈ।

ਨਾਵਲੀ ਬਿਰਤਾਂਤ ਵਿਚ ਜਿੱਥੇ ਪਰਿਵਾਰ ਤੇ ਸਮਾਜ ਦੁਆਰਾ ਔਰਤ ਦੀ ਹੋਂਦ ਨੂੰ ਆਪਣੇ ਕਬਜੇ ਵਿਚ ਰੱਖਣ ਦੀ ਪਿੱਤਰਕੀ ਸੱਤਾ ਦੀ ਭਾਵਨਾ ਉੱਭਰਦੀ ਹੈ ਉੱਥੇ ਔਰਤ ਦੇ ਜਿਸਮਾਨੀ ਤੇ ਮਾਨਸਿਕ ਸ਼ੋਸ਼ਣ ਦਾ ਬਿਰਤਾਂਤ ਵੀ ਸਿਰਜਿਆ ਹੈ। *"ਪਿਤਰਕੀ ਸੱਤਾ ਜਿਸ ਦੇ ਰਾਹੀਂ ਹੁਣ ਸੰਸਥਾਵਾਂ ਦੇ ਇਕ ਖ਼ਾਸ ਸਮੂਹ ਨੂੰ ਪਹਿਚਾਣਿਆ ਜਾਂਦਾ ਹੈ, ਨੂੰ ਸਮਾਜਿਕ ਸੰਰਚਨਾ ਅਤੇ ਕਿਰਿਆਵਾਂ ਦੀ ਇਕ ਅਜਿਹੀ ਵਿਵਸਥਾ ਦੇ ਰੂਪ ਵਿਚ ਪਰਿਭਾਸ਼ਤ ਕੀਤਾ ਜਾਂਦਾ ਹੈ, ਜਿਸ ਵਿਚ ਪੁਰਸ਼ਾਂ ਦਾ ਇਸਤਰੀਆਂ 'ਤੇ ਪ੍ਰਭੁਤਵ ਰਹਿੰਦਾ ਹੈ ਅਤੇ ਉਹ ਉਨ੍ਹਾਂ ਦਾ ਸ਼ੋਸ਼ਣ ਅਤੇ ਉਤਪੀੜਨ ਕਰਦੇ ਹਨ।"* [6] ਬਿਰਤਾਂਤਕਾਰ ਨੇ ਮਰਦਾਵੇਂ ਸਮਾਜ ਵਿਚ ਔਰਤ ਦੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਦੀ ਪਿਤਰਕੀ ਵਿਚਾਰਧਾਰਾ ਦੇ ਨਾਲ਼, ਹਿੰਮਤ ਤੇ ਦਲੇਰੀ ਨਾਲ਼ ਅਜਿਹੀਆਂ ਸਥਿਤੀਆਂ ਵਿਚੋਂ ਉਭਰਨ ਦਾ ਹੌਂਸਲਾ ਰੱਖਣ ਵਾਲ਼ੀ ਨਾਰੀਵਾਦੀ ਔਰਤ ਦੇ ਵਿਚਾਰਧਾਰਾਕ ਬਿੰਬ ਨੂੰ ਸਿਰਜਿਆ ਹੈ ਜੋ ਮਰਦ ਪ੍ਰਧਾਨ ਸਮਾਜ ਦੁਆਰਾ ਔਰਤ ਨੂੰ ਭੋਗ ਦੀ ਵਸਤੂ ਸਮਝੇ ਜਾਣ ਦਾ ਵਿਰੋਧ ਕਰਦੀ ਹੈ। ਸੁਪਨਿਆਂ ਦੇ ਰਾਹ ਤਲਾਸ਼ਦੀ ਘਰੋਂ ਭੱਜੀ ਬਲਵੀਰ ਦਾ ਸਾਹਮਣਾ ਜਦੋਂ ਇਸ ਮਰਦਾਵੀਂ ਸੱਤਾ ਨਾਲ਼ ਹੁੰਦਾ ਹੈ ਤਾਂ ਉਸਦੇ ਸਰੀਰ ਦੇ ਜ਼ਖ਼ਮਾਂ ਦੇ ਨਾਲ਼-ਨਾਲ਼ ਉਸ ਦੀ ਆਤਮਾ ਵੀ ਵਲੂੰਧਰੀ ਜਾਂਦੀ ਹੈ। ਰਘੂਨਾਥ, ਸਮੀਰ ਤੇ ਮਿ. ਮੈਨਿਨ ਇਸੇ ਮਰਦਾਵੀਂ ਸੱਤਾ ਦੇ ਬਦਲਵੇਂ ਰੂਪਾਂ ਵਿਚ ਉਸ ਦੇ ਸਾਹਮਣੇ ਆਉਂਦੇ ਹਨ ਜੋ ਉਸ ਦੇ ਸਰੀਰਕ ਸ਼ੋਸ਼ਣ ਦੇ ਨਾਲ਼-ਨਾਲ਼ ਉਸ ਦੀ ਮਾਨਸਿਕ ਪਰੇਸ਼ਾਨੀ ਦਾ ਕਾਰਨ ਬਣਦੇ ਹਨ। ਘਰੋਂ ਭੱਜਣ ਸਮੇਂ ਬਲਵੀਰ ਦੇ ਮਨ ਵਿਚ ਰੀਟਾ ਦਾ ਸਹਾਰਾ ਸੀ ਜਿਸ ਨੇ ਚਿੱਠੀ ਲਿਖ ਕੇ ਉਸ ਨੂੰ ਦਿੱਲੀ ਆ ਕੇ ਆਪਣੇ ਸੁਪਨੇ ਪੂਰੇ ਕਰਨ ਲਈ ਪ੍ਰੇਰਿਤ ਕੀਤਾ ਸੀ। ਪਰ ਰੀਟਾ ਦੇ ਦੱਸੇ ਪਤੇ 'ਤੇ ਪਹੁੰਚਦਿਆਂ ਉਸ ਦਾ ਸਾਹਮਣਾ ਰਘੂਨਾਥ ਨਾਲ਼ ਹੁੰਦਾ ਹੈ ਜੋ ਬੜੀ ਕਮੀਨਗੀ ਨਾਲ਼ ਝੂਠ ਬੋਲ ਕੇ ਉਸ ਨਾਲ਼ ਬਲਾਤਕਾਰ ਦੀ ਘਿਨੌਣੀ ਹਰਕਤ ਕਰਦਾ ਹੈ।

*"ਬੇਬੀ ਜਿਨ੍ਹਾਂ ਹਾਲਾਤਾਂ ਵਿਚ ਤੂੰ ਘਰੋਂ ਭੱਜ ਕੇ ਆਈ ਹੈਂ, ਉਨ੍ਹਾਂ ਹਾਲਾਤਾਂ ਵਿਚ ਤੈਨੂੰ ਜ਼ਿੰਦਾ ਰਹਿਣ ਲਈ ਉਹ ਸਭ ਕਰਨਾ ਪਵੇਗਾ ਜੋ ਤੇਰਾ ਮਨ ਤਾਂ ਕੀ ਤੇਰੇ ਫ਼ਰਿਸ਼ਤੇ ਵੀ ਨਹੀਂ ਸੋਚ ਸਕਦੇ। ਲੀਰੋ ਲੀਰ ਕਰਕੇ ਛੱਡ ਦੇਂਦੀ ਹੈ ਇਹ ਦੁਨੀਆ ਔਰਤ ਦੇ ਵਜੂਦ ਨੂੰ ਜਿਹੜੀ ਕਿਸੇ ਵੀ ਤਰ੍ਹਾਂ ਦੇ ਸਟਰੱਗਲ ਕਰਨ ਲਈ ਇਸ ਹਾਲਤ ਵਿਚ ਆਪਣੀਆਂ ਸੀਮਾਂਵਾਂ ਤੋੜ ਕੇ ਆਪਣੀ ਮਰਜ਼ੀ ਦਾ ਰਾਹ ਲੱਭਣ ਨਿਕਲੇ....ਤੂੰ ਅਜੇ ਨਾਸਮਝ ਹੈ। ਚਾਰ ਹੀ ਦਿਨਾਂ ਵਿਚ ਤੈਨੂੰ ਸਭ*

*ਸਮਝ ਆ ਜਾਏਗਾ...।" ਆਖਦਿਆਂ ਉਸ ਨੇ ਇਕੋ ਡੀਕ ਵਿਚ ਉਹ ਪੂਰਾ ਗਿਲਾਸ ਅੰਦਰ ਸੁੱਟ ਲਿਆ ਸੀ।"*[7]

ਰਘੂਨਾਥ ਦਾ ਇਹ ਘਿਨੌਣਾ ਕੰਮ ਉਸ ਦੇ ਜਿਸਮ ਦੇ ਨਾਲ਼ ਨਾਲ਼ ਉਸ ਕੋਮਲ ਮਨ ਜੋ ਕਲਾ ਦੇ ਖੇਤਰ ਵਿਚ ਛਾ ਜਾਣ ਦੇ ਸੁਪਨੇ ਸਿਰਜਦਾ ਘਰੋਂ ਬੇਘਰ ਹੋਇਆ ਸੀ, ਨੂੰ ਅਜਿਹੀ ਸੱਟ ਮਾਰਦਾ ਹੈ ਕਿ ਉਹ ਆਤਮ-ਹੱਤਿਆ ਬਾਰੇ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ। ਅਜਿਹੇ ਸਮੇਂ ਉਸ ਦੇ ਕੰਨੀਂ ਗੁਰਦੁਆਰੇ 'ਚੋਂ ਆਉਂਦੀਆਂ ਅਵਾਜ਼ਾਂ ਪੈਂਦੀਆਂ ਹਨ ਤੇ ਉਸ ਦੇ ਟੁੱਟੇ ਮਨ ਨੂੰ ਧਰਵਾਸ ਮਿਲਦਾ ਹੈ ਤੇ ਉਹ ਅੱਖਾਂ ਬੰਦ ਅਰਦਾਸ ਕਰਦੀ ਹੋਈ ਆਪਣੇ ਆਪ ਨੂੰ ਜੀਵਨ ਬਖਸ਼ਦੀ ਹੈ ਤੇ ਹਿੰਮਤ ਤੇ ਹੌਂਸਲੇ ਨਾਲ਼ ਅਗਲੇ ਸਫ਼ਰ ਦੀ ਸ਼ੁਰੂਆਤ ਕਰਦੀ ਹੈ:-

*"ਮੈਂ ਮੌਤ ਨਾਲ਼ ਬਿਲਕੁਲ ਖਹਿਬੜ ਕੇ ਵਾਪਸ ਪਰਤੀ ਹਾਂ ਪਰਮਾਤਮਾ। ਇਕ ਤਰ੍ਹਾਂ ਮਰ ਕੇ ਦੂਜਾ ਜੀਵਨ ਮਿਲਿਆ ਹੈ ਮੈਨੂੰ। ਨਹੀਂ ਤਾਂ ਹੁਣ ਤੱਕ ਮੇਰਾ ਸਰੀਰ ਲਹੂ ਲੁਹਾਣ ਸੜਕ ਉੱਤੇ ਪਿਆ ਹੁੰਦਾ।" ਤੂੰ ਮੈਨੂੰ ਸੋਝੀ ਦੇ ਕੇ ਇਕ ਨਵਾਂ ਜੀਵਨ ਪ੍ਰਦਾਨ ਕੀਤਾ ਹੈ ਰੱਬ ਜੀ। ਧੰਨਵਾਦ....ਬਹੁਤ ਬਹੁਤ ਧੰਨਵਾਦ।"*[8]

ਬਿਰਤਾਂਤਕਾਰ ਅਨੁਸਾਰ ਇੰਨਾ ਕੁਝ ਹੋਣ ਦੇ ਬਾਵਜੂਦ ਬਲਵੀਰ ਆਪਣੀ ਹਿੰਮਤ ਇਕੱਠੀ ਕਰਦੀ ਹੈ ਤੇ ਦਿੱਲੀ ਤੋਂ ਚੰਡੀਗੜ੍ਹ ਆ ਆਪਣੇ ਸੁਪਨਿਆਂ ਦੇ ਅਕਾਸ਼ ਵਿਚ ਉੱਡਣ ਲਈ ਆਰਟ ਕਾਲਜ ਵਿਚ ਦਾਖ਼ਲਾ ਲੈ ਦਿਨ ਰਾਤ ਮਿਹਨਤ ਕਰਦੀ ਹੈ ਜਿੱਥੇ ਉਸ ਦੇ ਸੁਪਨਿਆਂ ਦੀ ਉਡਾਨ ਵਿਚ ਸਮੀਰ ਉਸ ਦਾ ਸਾਥੀ ਬਣਦਾ ਹੈ ਤੇ ਪ੍ਰੋਫੈਸਰ ਬ੍ਰਹਮ ਜਗਦੀਸ਼ ਉਸ ਦੇ ਰਾਹ ਦਸੇਰਾ। ਪ੍ਰੋਫੈਸਰ ਬ੍ਰਹਮ ਜਗਦੀਸ਼ ਉਸ ਦੀ ਕਲਾ ਪ੍ਰਤੀ ਲਗਨ ਤੇ ਜਜ਼ਬੇ ਨੂੰ ਭਾਪ ਗਏ ਸਨ ਤੇ ਉਸ ਵਿਚੋਂ ਭਵਿੱਖ ਦੇ ਆਰਟਿਸਟ ਨੂੰ ਦੇਖ ਰਹੇ ਸਨ ਇਸੇ ਲਈ ਉਨ੍ਹਾਂ ਨੇ ਬਲਵੀਰ ਨੂੰ ਕਲਾ ਦੇ ਗਿਆਨ ਦੇ ਨਾਲ਼-ਨਾਲ਼ ਨਵਾਂ ਨਾਮ ਤੇ ਹੌਂਸਲਾ ਵੀ ਬਖਸ਼ਿਆ ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕੇ।

*"ਔਰਤ ਤਲਿੱਸਮ ਵੀ ਹੈ ਤੇ ਮਹਾਂ ਮਾਇਆ ਵੀ। ਕਲਾ ਦੀ ਦੁਨੀਆ ਵਿਚ ਅੱਜ ਤੋਂ ਤੇਰਾ ਨਵਾਂ ਜੀਵਨ ਸ਼ੁਰੂ ਹੋ ਰਿਹਾ ਹੈ। ਭੁੱਲ ਜਾ ਕਿ ਤੂੰ ਕਿੱਥੋਂ ਆਈ, ਕਿਵੇਂ ਆਈ, ਕਿਨ੍ਹਾਂ-ਕਿਨ੍ਹਾਂ ਰਸਤਿਆਂ ਤੋਂ ਚਲਦੀ ਹੋਈ ਇੱਥੇ ਤੀਕ ਪੁੱਜੀ। ਪੈਰਾਂ ਦੇ ਛਾਲਿਆਂ 'ਚੋਂ ਕਿੰਨਾ ਲਹੂ ਵਗਿਆ ਜਾਂ ਕਿੰਨੀਆਂ ਠੋਕਰਾਂ ਖਾਧੀਆਂ। ਬਸ ਤੂੰ ਹੁਣ ਇਹ ਯਾਦ ਰੱਖ ਕਿ ਤੂੰ ਜਿੱਥੇ ਹੁਣ ਪੁੱਜ ਗਈ ਹੈਂ, ਉਸ ਤੋਂ ਅੱਗੇ ਤੇਰਾ ਅਨੰਤ ਸਫ਼ਰ ਸ਼ੁਰੂ ਹੋਣ ਵਾਲਾ ਹੈ। ਤੇਰੀ ਕਲਾ ਦਾ ਜਨੂੰਨ ਹੀ ਤੈਨੂੰ ਤੇਰੀ ਮੰਜ਼ਲ ਤੱਕ ਪਹੁੰਚਾ ਸਕਦਾ ਹੈ। ਇਸੇ ਲਈ ਤੇਰੇ ਬੀਤੇ ਤੋਂ ਤੈਨੂੰ ਮੁਕਤ ਕਰਨ ਲਈ ਮੈਂ ਅੱਜ ਤੈਨੂੰ ਨਵਾਂ ਨਾਂ ਤੇ ਨਵੀਂ ਪਹਿਚਾਣ ਦੇਣੀ ਚਾਹੁੰਦਾ ਹਾਂ....ਅੱਜ ਤੋਂ ਤੇਰਾ ਨਾਮ ਹੋਏਗਾ...'ਮਾਇਆ'।"*[9]

ਕਲਾ ਦੇ ਖੇਤਰ ਵਿਚ ਪ੍ਰਾਪਤ ਕੀਤੀ ਲੋਕ-ਆਰਟ ਨਾਲ਼ ਜੁੜੀ ਉਸਦੀ ਪਛਾਣ 'ਮਾਇਆ' ਨੂੰ ਕਲਾ ਦੀ ਮੰਡੀ ਵਿਚ ਪ੍ਰਵੇਸ਼ ਕਰਾਉਂਦੀ ਹੈ ਜਿੱਥੇ ਮਿ. ਮੈਨਿਨ ਉਸ ਨੂੰ ਕਲਾ ਦੇ ਬਜ਼ਾਰ ਵਿਚ ਸ਼ਾਮਿਲ ਹੋ ਕੇ ਸ਼ੁਹਰਤ ਪ੍ਰਾਪਤ ਕਰਨ ਦਾ ਸੱਦਾ ਦਿੰਦਾ ਹੈ। ਇਕ ਪਾਸੇ ਮਿ.ਮੈਨਿਨ ਦੀ ਬਿਜਨਸੀ ਤਜਵੀਜ਼ ਮਾਇਆ ਦੇ ਆਰਟ ਦਾ ਸ਼ੋਸ਼ਣ ਕਰਨ ਵਾਲ਼ੀ ਹੈ ਉੱਥੇ ਦੂਜੇ ਪਾਸੇ ਮਾਇਆ ਦੇ ਕਲਾ ਦੀ ਮੰਡੀ ਵਿਚ ਪ੍ਰਵੇਸ਼ ਤੋਂ ਪਹਿਲਾਂ ਹੀ ਉਸ ਦੇ ਦੋਸਤ ਸਮੀਰ ਜੋ ਉਸ ਦਾ ਹਮਦਰਦ ਬਣਿਆ ਸੀ, ਦਾ ਹਮਦਰਦੀ ਪਿੱਛੇ ਲੁਕਿਆ ਪਰੰਪਰਕ ਮਰਦਾਵਾਂ ਵਿਵਹਾਰ ਉਜਾਗਰ ਹੁੰਦਾ ਹੈ ਜਦੋਂ ਉਹ ਮਾਇਆ 'ਤੇ ਆਪਣਾ ਹੱਕ ਜਤਾਉਂਦਾ ਉਸ ਦੇ ਜਿਸਮ 'ਤੇ ਕਾਬਜ਼ ਹੋਣਾ ਚਾਹੁੰਦਾ ਹੈ।

*"ਮਾਇਆ ਚੀਖ ਪਈ। ਉਸ ਨੇ ਇਤਨੀ ਤਾਕਤ ਨਾਲ਼ ਸਮੀਰ ਨੂੰ ਧੱਕਾ ਮਾਰਿਆ ਕਿ ਉਹ ਲੜਖੜਾਂਦਾ ਹੋਇਆ ਬਿਸਤਰੇ ਤੋਂ ਫਿਸਲ ਫਰਸ਼ 'ਤੇ ਡਿੱਗ ਪਿਆ।*

*ਹੁਣ ਤੱਕ ਆਪਣੇ ਅੰਦਰ ਘਰ ਕਰ ਚੁੱਕੇ ਸਾਰੇ ਖ਼ੌਫ਼ਾਂ ਨੂੰ ਇਕੋ ਰੂਪ ਵਿਚ ਆਪਣੇ ਉਤੇ ਆਕ੍ਰਮਣ ਕਰਦੇ ਵੇਖ ਮਾਇਆ ਦੇ ਅੰਦਰਲੀ ਦੱਬੀ, ਕੁਚਲੀ, ਖ਼ੌਫ਼ਜ਼ਦਾ ਔਰਤ ਅੰਦਰ ਅਚਾਨਕ ਜਿਵੇਂ ਸ਼ੇਰਨੀਆਂ ਵਰਗੀ ਤਾਕਤ ਭਰ ਗਈ।*

*ਇਕੋ ਪਲ ਵਿਚ ਉਸ ਨੇ ਸੋਚਿਆ ਕਿ ਅਗਰ ਅੱਜ ਉਸ ਨੇ ਖ਼ੌਫ਼ ਨੂੰ ਹਰਾ ਕੇ ਆਪਣੇ ਆਪ ਨੂੰ ਇਸ ਤੋਂ ਮੁਕਤ ਨਾ ਕੀਤਾ ਤਾਂ ਸਾਰੀ ਉਮਰ ਲਈ ਇਕ ਹੋਰ ਖ਼ੌਫ਼ ਦਾ ਪ੍ਰੇਤ ਉਸ ਦੀ ਆਤਮਾ ਨਾਲ਼ ਚਿੰਬੜ ਜਾਏਗਾ। ਇਹ ਵਿਚਾਰ ਹੀ ਅਜਿਹੀ ਸ਼ਕਤੀ ਸੀ ਜਿਸ ਨੇ ਉਸ ਨੂੰ ਚੰਡੀ ਬਣਾ ਦਿੱਤਾ।"*[10]

ਬਿਰਤਾਂਤਕਾਰ ਨੇ ਨਾਵਲੀ ਕਥਾਨਕ ਨੂੰ ਇਸ ਤਰ੍ਹਾਂ ਸਿਰਜਿਆ ਹੈ ਕਿ ਬਲਵੀਰ ਭਾਵੇਂ ਮਾਇਆ ਬਣ ਜਾਂਦੀ ਹੈ ਪਰ ਮਰਦਾਵੀਂ ਸੱਤਾ ਦਾ ਸ਼ੋਸ਼ਣ ਬਲਵੀਰ ਵਾਂਗ 'ਮਾਇਆ' ਨੂੰ ਵੀ ਉਸੇ ਤਰ੍ਹਾਂ ਨਿਗਲ ਜਾਣਾ ਚਾਹੁੰਦਾ ਹੈ ਪਰ 'ਮਾਇਆ' ਆਪਣੇ ਅੰਦਰੋਂ ਚੰਡੀ ਦਾ ਰੂਪ ਧਾਰਨ ਕਰ ਇਕ ਵਾਰ ਫਿਰ ਮਰਦਾਵੀਂ ਹਉਮੈਂ ਨੂੰ ਚੂਰ-ਚੂਰ ਕਰਦੀ ਹੋਈ ਨਵੀਂ ਉਡਾਨ ਭਰਦੀ ਹੈ। ਜਿੱਥੇ ਉਹ ਚੰਡੀਗੜ੍ਹ ਤੋਂ ਮੁੜ ਦਿੱਲੀ ਆ ਮਿ. ਮੈਨਿਨ ਦੀ ਸਿਰਜੀ ਕਲਾ ਮੰਡੀ ਦਾ ਹਿੱਸਾ ਬਣਦੀ ਹੈ। ਮਿ. ਮੈਨਿਨ ਭਾਵੇਂ ਮਾਇਆ ਪ੍ਰਤੀ ਰਘੂਨਾਥ ਤੇ ਸਮੀਰ ਵਰਗੇ ਘਿਨੌਣੇ ਭਾਵ ਨਹੀਂ ਰੱਖਦਾ ਪਰ ਉਸ ਦੁਆਰਾ ਮਾਇਆ ਦੀ ਕਲਾ ਤੇ ਕਬਜ਼ਾ ਇਕ ਤਰ੍ਹਾਂ ਉਸ ਦੀ ਕਲਾ ਦਾ ਸ਼ੋਸ਼ਣ ਹੈ। ਉਸ ਨੂੰ ਆਪਣੀ ਸੁਤੰਤਰ ਕਲਾਤਮਕਤਾ ਦੀ ਬਜਾਏ ਬਜਾਰ ਦੀ ਮੰਗ ਅਨੁਸਾਰ ਚਿੱਤਰਨ ਲਈ ਮਜ਼ਬੂਰ ਕਰਨਾ, ਮਾਇਆ ਦੀਆਂ ਪੇਂਟਿੰਗਜ਼ ਦੀ ਬਣਦੀ ਕੀਮਤ ਨਾ ਦੇਣਾ, ਕਿਸੇ ਹੋਰ ਆਰਟ ਗੈਲਰੀ ਨਾਲ਼ ਕੀਤੇ ਐਗਰੀਮੈਂਟ ਤੋਂ ਆਪਣਾ ਆਪਾ ਖੋਹ ਦੇਣਾ ਆਦਿ ਘਟਨਾਵਾਂ ਮਿ. ਮੈਨਿਨ ਦੁਆਰਾ ਮਾਇਆ ਦੀ ਕਲਾ ਦੇ ਸ਼ੋਸ਼ਣ 'ਤੇ ਚਾਨਣਾ ਪਾਉਂਦੀਆਂ ਹਨ। ਰਘੂਨਾਥ ਤੇ ਸਮੀਰ ਨੂੰ ਉਨ੍ਹਾਂ ਦੇ ਮਸੂਬਿਆਂ ਵਿਚ ਕਾਮਯਾਬ ਨਾ ਹੋਣ ਦੇਣ ਵਾਂਗ ਮਾਇਆ ਮਿ. ਮੈਨਿਨ ਨੂੰ ਵੀ ਉਸ ਦੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਣ ਦਿੰਦੀ ਸਗੋਂ ਉਸ ਦੇ ਚੁੰਗਲ ਵਿਚੋਂ ਨਿਕਲ ਕਲਾ ਦੀ ਦੁਨੀਆ ਵਿਚ ਅਜ਼ਾਦ ਉਡਾਰੀ ਲਾਉਣ ਲਈ ਬੜੀ ਚੁਤਰਾਈ ਨਾਲ਼ ਝੂਠ ਬੋਲ ਕੇ ਮਿ. ਕੇਤੂ ਦੀ ਸਹਾਇਤਾ ਨਾਲ਼ ਵਰਮੌਂਟ ਵਿਖੇ ਹੋ ਰਹੇ ਇੰਟਰਨੈਸ਼ਨਲ ਆਰਟ ਫੈਸਟੀਵਲ ਵਿਚ ਪਹੁੰਚ ਜਾਂਦੀ ਹੈ। ਇਸ ਤਰ੍ਹਾਂ ਬਿਰਤਾਂਤਕਾਰ ਨੇ ਬਲਵੀਰ ਦੇ ਮਾਇਆ ਬਣਨ ਦੇ ਸਫ਼ਰ ਵਿਚ ਹੁੰਦੇ ਉਸ ਦੇ ਸ਼ੋਸ਼ਣ ਵਿਚੋਂ ਗੁਜ਼ਰਦੇ ਹੋਏ ਉਸ ਨੂੰ ਅਜਿਹੀ ਦਲੇਰੀ, ਹਿੰਮਤ ਤੇ ਚੁਤਰਾਈ ਪ੍ਰਦਾਨ ਕੀਤੀ ਹੈ ਕਿ ਉਹ ਸਮਾਜ ਵਿਚ ਆਪਣੇ ਪੈਰਾਂ 'ਤੇ ਖੜੀ ਹੋ ਜਾਂਦੀ ਹੈ ਤੇ ਘਰੋਂ ਭੱਜਣ ਸਮੇਂ ਸੰਜੋਇਆ ਸੁਪਨਾ ਪੂਰਾ ਕਰਨ ਵਿਚ ਸਫਲ ਹੁੰਦੀ ਹੈ, ਭਾਵੇਂ ਇਸ ਲਈ ਉਸ ਨੂੰ ਬਹੁਤ ਸਾਰੀਆਂ ਤਕਲੀਫਾਂ ਵਿਚੋਂ ਗੁਜ਼ਰਨਾ ਪੈਂਦਾ ਹੈ।

ਬਿਰਤਾਂਤਕਾਰ ਨੇ ਤਤਕਾਲੀ ਦੰਗਾ ਪੀੜਤਾਂ ਦੀਆਂ ਕਥਾਵਾਂ ਰਾਹੀਂ 'ਮਾਇਆ' ਦੇ ਚਰਿੱਤਰ ਵਿਚੋਂ ਔਰਤ ਪ੍ਰਤੀ ਮਾਨਵੀ ਤੇ ਹਮਦਰਦੀ ਭਰੀ ਸੰਵੇਦਨਾ ਨੂੰ ਉਜਾਗਰ ਕਰਨ ਲਈ ਸੂਖਮ ਤੇ ਤਾਬਿੰਦਾ ਦੀ ਪੀੜ ਨਾਲ਼ ਮਾਇਆ ਦੀ ਸਾਂਝ

ਪਵਾਈ ਹੈ। ਸੂਖਮ ਚਰਾਸੀ ਦੇ ਦਿੱਲੀ ਦੰਗਿਆਂ ਦੌਰਾਨ ਆਪਣੇ ਪਾਪਾ ਦੀ ਮੌਤ ਦੇ ਨਾਲ਼ ਦਰਿੰਦਿਆਂ ਹੱਥੋਂ ਬੇਪੱਤ ਹੋ, ਮਰਨਹਾਰੀ ਸ਼ਰਨਾਰਥੀਆਂ ਲਈ ਲਗਾਏ ਕੈਂਪ ਵਿਚ ਆਪਣੀ ਮਾਂ ਜਸਬੀਰ ਨਾਲ਼ ਰੁਲ਼ ਰਹੀ ਸੀ ਜਿਸ ’ਤੇ ਮਾਇਆ ਦੀ ਨਜ਼ਰ ਪੈਂਦਿਆਂ ਹੀ ਉਸ ਦਾ ਕੋਮਲ ਹਿਰਦਾ ਵਲੂੰਧਿਰਿਆ ਜਾਂਦਾ ਹੈ ਤੇ ਉਹ ਦਿਨ ਰਾਤ ਇਕ ਕਰਕੇ ਆਪਣੇ ਸਾਰੀ ਪੂੰਜੀ ਖ਼ਰਚ ਕਰਦੀ ਹੋਈ ਸੂਖਮ ਦਾ ਇਲਾਜ ਕਰਵਾਉਂਦੀ ਹੈ ਤੇ ਉਸ ਨੂੰ ਆਪਣੇ ਘਰ ਵਿਚ ਰਹਿਣ ਲਈ ਜਗ੍ਹਾ ਵੀ ਦਿੰਦੀ ਹੈ। ਦੂਜੇ ਪਾਸੇ ਤਾਬਿੰਦਾ ਦੀ ਮਾਂ ਯਾਸਮੀਨ ਜਿਸਮਫਰੋਸ਼ੀ ਦੇ ਧੰਦੇ ਵਿਚ ਲੱਗੀ ਹੋਈ ਹੈ। ਮਾਇਆ ਨਾਲ਼ ਉਸ ਦੀ ਮੁਲਾਕਾਤ ਸਮੇਂ ਆਪਣੀ ਧੀ ਤਾਬਿੰਦਾ ਨੂੰ ਇਸ ਨਰਕ ਤੋਂ ਬਚਾਉਣ ਦੀ ਇੱਛਾ ਦੇ ਪ੍ਰਗਟਾਵੇ ਨੇ ਮਾਇਆ ਨੂੰ ਯਾਸਮੀਨ ਦੀ ਮੌਤ ਤੋਂ ਬਾਅਦ ਕੱਚੀ ਝੌਂਪੜੀ ਤੋਂ ਕੱਢ ਆਪਣੇ ਘਰ ਲਿਆਉਣ ਤੇ ਉਸ ਨੂੰ ਨਾਟਕ ਮੰਡਲੀ ਵਿਚ ਕੰਮ ਦਵਾਉਣ ਦੇ ਉਪਰਾਲੇ ਵਿਚੋਂ ਉਸ ਦੀ ਔਰਤ ਪ੍ਰਤੀ ਸੰਵੇਦਨਾ ਨਾਲ਼ ਭਰੇ ਹਿਰਦੇ ਦੀ ਝਲਕ ਸਿਰਜਦੇ ਬਿਰਤਾਂਤ ਹਨ।

*“ਤੈਨੂੰ ਮਦਰ ਟੈਰੇਸਾ ਬਣਨ ਦਾ ਜ਼ਿਆਦਾ ਸ਼ੌਕ ਹੈ? ਨੋਬਲ ਪ੍ਰਾਈਜ਼ ਜਿੱਤਣਾ ਚਾਹੁੰਦੀ ਹੈ ਤੂੰ? ਕੀ ਕਰ ਰਹੀ ਹੈਂ ਤੂੰ ਇਹ ਸਭ? ਤੈਨੂੰ ਆਪਣਾ ਕੰਮ ਅਹਿਮ ਨਹੀਂ ਲੱਗਦਾ?”*

*ਮਾਇਆ ਚੁੱਪ ਚਾਪ ਉਸਦੀਆਂ ਗੱਲਾਂ ਸੁਣਦੀ ਰਹੀ ਪਰ ਬੋਲੀ ਕੁਝ ਨਾ। ਉਹ ਕੁਝ ਬੋਲਣਾ ਵੀ ਨਹੀਂ ਸੀ ਚਾਹੁੰਦੀ। ਉਹ ਜਾਣਦੀ ਸੀ ਕਿ ਮੈਨਿਨ ਵਰਗੇ ਕਮਰਸ਼ੀਅਲ ਮਾਈਂਡਡ ਮਰਦ ਔਰਤ ਦੀ ਸੰਵੇਦਨਾ ਅਤੇ ਉਸਦੀ ਪੀੜ ਨੂੰ ਸਮਝ ਹੀ ਨਹੀਂ ਸਕਦੇ।”* [11]

ਬਿਰਤਾਂਤਕਾਰ ਨੇ ਮਾਇਆ ਦੀ ਬਿੰਬ ਨਿਰਮਾਣਕਾਰੀ ਲਈ ਉਸ ਦੀ ਕਲਾ ਨੂੰ ਇਕ ਵਿਚਾਰਧਾਰਾ ਵਜੋਂ ਵਰਤਿਆ ਹੈ। ਆਮ (ਬਲਵੀਰ) ਤੋਂ ਖ਼ਾਸ (ਮਾਇਆ) ਬਣੀ ਮਾਇਆ ਆਪਣੀ ਕਲਾ ਰਾਹੀਂ ਫਿਰ ਆਮ ਔਰਤ ਦੀ ਪੇਂਟਿੰਗ ਬਣਾ ਕੇ ਔਰਤ ਹੋਣ ਦੇ ਦੁਖਾਂਤ ਨੂੰ ਦੁਨੀਆ ਸਾਹਮਣੇ ਪੇਸ਼ ਕਰਦੀ ਹੈ। ਉਹ ਆਪਣੇ ਚਿੱਤਰਾਂ ਵਿਚ ਔਰਤ ਦਾ ਦਰਦ, ਪੀੜਾ, ਜਜ਼ਬੇ ਇਸ ਸ਼ਿੱਦਤ ਨਾਲ਼ ਸਿਰਜਦੀ ਹੈ ਕਿ ਦੇਖਣ ਵਾਲਿਆਂ ਦੇ ਧੁਰ ਅੰਦਰ ਤੱਕ ਟੀਸ ਉੱਠਦੀ ਹੈ। ‘ਡਿਜ਼ਾਇਰ’ ਨਾਂ ਦੀ ਚਿੱਤਰ ਲੜੀ ਸਿਰਜਦਿਆਂ ਮਾਇਆ ਨੇ ਅਜਿਹਾ ਕਮਾਲ ਦਾ ਚਿੱਤਰ ਸਿਰਜਿਆ ਜਿਸ ਦਾ ਸਿਰਲੇਖ ‘ਮੌਤ ਤੇ ਜ਼ਿੰਦਗੀ’ ਸੀ।

*“ਲੋਕਾਂ ਦੀ ਭੀੜ ਦੇ ਘੇਰੇ ਵਿਚ ਇਕ ਭਿਖਾਰਨ ਖੁੱਲ੍ਹੇ ਮੈਦਾਨ ਵਿਚ ਬੱਚੇ ਨੂੰ ਜਨਮ ਦੇ ਰਹੀ ਸੀ। ਔਰਤ ਦੀਆਂ ਅੱਖਾਂ ਬੰਦ ਸਨ ਪਰ ਲਹੂ ਲਿਬੜਿਆ ਬੱਚਾ ਜ਼ਿੰਦਗੀ ਦੀ ਜੱਦੋਜਹਿਦ ਕਰਨ ਲਈ ਹੱਥ ਪੈਰ ਮਾਰ ਰਿਹਾ ਸੀ। ਔਰਤ ਦੇ ਪੀਲੇ ਚਿਹਰੇ ’ਤੇ ਮੌਤ ਵਰਗੀ ਪਰਮ ਸ਼ਾਂਤੀ ਫੈਲੀ ਹੋਈ ਸੀ। ਚਿੱਤਰ ਤੇ ਲਿਖਿਆ ਹੋਇਆ ਸੀ ‘ਮੌਤ ਤੇ ਜ਼ਿੰਦਗੀ’।”* [12]

ਚਿੱਤਰਕਾਰ ਤੋਂ ਬਾਅਦ ਬਿਰਤਾਂਤਕਾਰ ਨੇ ਮਾਇਆ ਦਾ ਇਕ ਮਾਂ ਵਜੋਂ ਬਿੰਬ ਸਿਰਜਿਆ ਹੈ। ਉਹ ਸੂਖਮ ਦਾ ਮਾਂ ਬਣਨ ਦਾ ਸੁਪਨਾ ਪੂਰਾ ਕਰਨ ਲਈ ਆਪਣੀ ਕੁੱਖ ਦੇਣ ਦਾ ਫੈਸਲਾ ਲੈਂਦੀ ਹੈ। ਸੂਖਮ ਨੂੰ ਮਾਇਆ ਨੇ ਇਕ ਨਵਾਂ ਜੀਵਨ ਦਿੱਤਾ ਸੀ ਪਰ ਹੁਣ ਉਹ ਉਸ ਦੇ ਮਾਂ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਲਈ ਉਸ ਦੇ ਬੱਚੇ ਦੀ ਸੈਰੋਗੇਟ ਮਦਰ ਬਣਨ ਲਈ ਤਿਆਰ ਸੀ।

*“ਅੱਜ ਤੱਕ ਉਸਨੇ ਨਾ ਕਿਸੇ ਨਾਲ਼ ਸ਼ਾਦੀ ਵਿਆਹ ਕਰਕੇ ਆਪਣੇ ਆਪ ਨੂੰ ਇਨ੍ਹਾਂ ਫਜ਼ੂਲ ਜਿਹੇ ਬੰਧਨਾਂ ਵਿਚ ਜਕੜਨ ਦੀ ਖ਼ਾਹਿਸ਼ ਕੀਤੀ ਸੀ ਤੇ ਨਾ ਹੀ ਆਪਣੇ ਵਿੱਚੋਂ ਜੰਮੇ ਬੱਚਿਆਂ ਦੀ ਮੋਹ-ਮਮਤਾ ਵਰਗਾ ਕੋਈ ਭਾਵੁਕ ਅਹਿਸਾਸ ਹੀ ਉਸਦੇ ਅੰਦਰ ਕਦੀ ਪਨਪਿਆ ਸੀ। ਉਸ ਨੂੰ ਸਾਰੀ ਦੁਨੀਆ ਦੇ ਬੱਚੇ ਆਪਣੇ ਹੀ ਬੱਚੇ ਜਾਪਦੇ ਸਨ। ਪਰ ਸਾਹਿਬ ਤੇ ਸੂਖਮ ਦੀ ਪੀੜ ਨੇ ਉਸ ਨੂੰ ਇਸ ਸੀਮਾ ਨੂੰ ਵੀ ਤੋੜ ਦੇਣ ਲਈ ਵਿਆਕੁਲ ਕਰ ਦਿੱਤਾ ਸੀ। ਉਸ ਦੇ ਲਈ ਹੁਣ ਇਹ ਜ਼ਰੂਰੀ ਹੋ ਗਿਆ ਸੀ ਕਿ ਜਿਨ੍ਹਾਂ ਨੂੰ ਉਹ ਪਿਆਰ ਕਰਦੀ ਸੀ, ਉਨ੍ਹਾਂ ਦੀ ਖੁਸ਼ੀ ਲਈ ਕਿਸੇ ਕੰਮ ਆ ਸਕੇ।”*[13]

ਮਾਇਆ ਦੀ ਔਰਤ ਪ੍ਰਤੀ ਸੰਵੇਦਨਾ ਦਾ ਵਿਸਥਾਰ ਉਸ ਦੇ ਗੁਰੂ ਸਿਧਾਰਥ ਦੀ ਆਨੰਦ ਕੁਟੀਆ ਵਿਚ ਵਾਪਸ ਮੁੜਨ ਦੀ ਥਾਂ ‘ਦੁਰਗੰਧਪੁਰ’ ਦੀ ਘੁਮਾਹਰ ਬਸਤੀ ਵਿਚ ਮਾਈ ਕੋਲ਼ ਜਾ ਕੇ ਉਸ ਦੀ ਸੇਵਾ ਵਿਚ ਰੁੱਝ ਜਾਣ ਵਿਚ ਦੇਖਿਆ ਜਾ ਸਕਦਾ ਹੈ। ਜਿੱਥੇ ਉਹ ਆਪਣਾ ਆਪ ਭੁਲਾ ਕੇ ਦਿਨ ਰਾਤ ਮਾਈ ਦੀ ਸੇਵਾ ਕਰਦੀ ਹੈ।

*“ਮਾਈ ਨੂੰ ਅੱਜ ਕਲ੍ਹ ਬੇਹੱਦ ਖੰਘ ਛਿੜ ਜਾਂਦੀ। ਜਿੱਥੇ ਬੈਠਦੀ ਖੰਘ-ਖੰਘ ਕੇ ਬੇਹਾਲ ਹੋ ਜਾਂਦੀ। ਉਸ ਦਾ ਮੂੰਹ, ਹੱਥ, ਝੱਗਾ ਬਲਗਮ ਨਾਲ਼ ਭਰ ਜਾਂਦਾ। ਮਾਇਆ ਉਸਨੂੰ ਸਾਫ਼ ਕਰਦੀ। ਵਾਲ ਧੋ ਕੇ ਤੇਲ ਲਗਾਉਂਦੀ ਤੇ ਕੰਘੀ ਨਾਲ਼ ਵਾਹ ਸੰਵਾਰ ਕੇ ਰੱਖਦੀ।”*[14]

ਮਾਇਆ ਨੂੰ ਭਾਵੇਂ ਬਿਰਤਾਂਤਕਾਰ ਨੇ ਮਾਨਵੀ ਸੰਵੇਦਨਾ ਨਾਲ਼ ਭਰਪੂਰ ਪਾਤਰ ਵਜੋਂ ਚਿੱਤਰਿਆ ਹੈ ਪਰ ਇੱਥੇ ਇਕ ਵਿਰੋਧਾਭਾਸ ਉਸ ਦੇ ਚਰਿੱਤਰ ਵਿਚੋਂ ਉਭਰਦਾ ਹੈ ਕਿ ਅਣਜਾਣ ਔਰਤਾਂ ਪ੍ਰਤੀ ਹਮਦਰਦੀ ਨਾਲ਼ ਭਰੀ ਮਾਇਆ ਦੀ ਯਾਦ ਵਿਚ ਆਪਣੀ ਮਾਂ ਪਾਰੋ ਦਾ ਚੇਤਾ ਬੜਾ ਧੁੰਦਲਾ ਜਿਹਾ ਉਭਰਦਾ ਹੈ। ਘਰੋਂ ਭੱਜਣ ਤੋਂ ਬਾਅਦ ਉਹ ਕਦੇ ਵੀ ਆਪਣੀ ਮਾਂ ਨੂੰ ਮਿਲਣ ਜਾਂ ਉਸ ਨੂੰ ਫੋਨ ਕਰਨ ਦੀ ਕੋਸ਼ਿਸ਼ ਨਹੀਂ ਕਰਦੀ। ਉਸ ਨੂੰ ਆਪਣੀ ਮਾਂ ਨਾਲ਼ ਰਿਸ਼ਤਾ ਵੀ ਬੰਧਨ ਲੱਗਦਾ ਹੈ। ਜਦੋਂ ਉਸ ਨੂੰ ਮਾਂ ਦੀ ਮੌਤ ਦਾ ਪਤਾ ਲੱਗਦਾ ਹੈ ਤਾਂ ਉਹ ਸੋਚਦੀ ਹੈ, *“ਚੰਗਾ ਹੋਇਆ ਮਾਂ ਦੇ ਬੰਧਨ ਤੋਂ ਵੀ ਆਜ਼ਾਦੀ ਮਿਲ ਗਈ। ਨਹੀਂ ਤਾਂ ਨਾ ਚਾਹੁੰਦੇ ਹੋਏ ਵੀ ਆਪਣੇ ਅਤੀਤ ਨਾਲ਼ ਕੋਈ ਧਾਗਾ ਜੁੜਿਆ ਰਹਿ ਗਿਆ ਸੀ ਹੁਣ ਤੱਕ। ਹੁਣ ਸਭ ਛੁੱਟ ਗਿਆ।”* [15]

ਕੁਦਰਤ ਹਰ ਸਮੇਂ ਕਿਸੇ ਨਾ ਕਿਸੇ ਸਿਰਜਣਾ ਵਿਚ ਲੱਗੀ ਰਹਿੰਦੀ ਹੈ, ਇਸੇ ਸਿਰਜਣਾ ਵਿਚੋਂ ਸੰਸਾਰ ਹੋਂਦ ਗ੍ਰਹਿਣ ਕਰਦਾ ਹੈ। ਮਨੁੱਖ ਕੁਦਰਤ ਦੀ ਸਿਰਜਣਾ ਦਾ ਹਿੱਸਾ ਵੀ ਹੈ ਤੇ ਆਪ ਸਿਰਜਣਹਾਰ ਵੀ ਹੈ। ਬਿਰਤਾਂਤਕਾਰ ਨੇ ਮਾਇਆ ਨੂੰ ਇਸੇ ਸਿਰਜਣਾ ਦੀ ਉਪਾਸਕ ਵਜੋਂ ਸਿਰਜਿਆ ਹੈ। ਉਸਦੀ ਸਿਰਜਣਾ ਉਸ ਦੀ ਚਿੱਤਰਕਲਾ ਹੈ ਜਿਸ ਦੀ ਗੁੜ੍ਹਤੀ ਉਸ ਨੂੰ ਉਸ ਦੀ ਪੜਨਾਨੀ ਨੇ ਉਸ ਦੀ ਗਰਭਵਤੀ ਮਾਂ ਦੇ ਪੇਟ ’ਤੇ ਮਿੱਟੀ ਦਾ ਤਿਲਕ ਲਗਾ ਕੇ ਦਿੱਤੀ ਸੀ। ਬਚਪਨ ਵਿਚ ਪੜਨਾਨੀ ਦੇ ਕੱਚੇ ਰੰਗਾਂ ਨਾਲ਼ ਖੇਡਦਿਆਂ ਰੰਗਾਂ ਦੀ ਗੁੜ੍ਹਤੀ ਉਸ ਦੇ ਖੂਨ ਵਿਚ ਇਸ ਤਰ੍ਹਾਂ ਰਚ ਗਈ ਕਿ ਇਸ ਦੇ ਜਨੂੰਨ ਵਿਚ ਉਹ ਪੂਰੇ ਸਮਾਜ ਨਾਲ਼ ਭਿੜ ਜਾਂਦੀ ਹੈ, ਆਪਣੇ ਤਨ, ਮਨ ’ਤੇ ਅਨੇਕਾਂ ਕਸ਼ਟ ਸਹਿ ਕੇ ਕਲਾ ਦੇ ਜਨੂੰਨ ਨੂੰ ਪੂਰਾ ਕਰਦੀ ਹੈ।

*“ਬਲਵੀਰ ਨੂੰ ਅਗਰ ਕਲਾਸ ਵਿਚ ਨੀਂਦਰ ਦੀ ਝਪਕੀ ਆ ਹੀ ਜਾਂਦੀ ਸੀ ਤਾਂ ਇਸ ਵਿਚ ਉਸਦਾ ਦੋਸ਼ ਵੀ ਕੀ ਸੀ? ਆਪਣੇ ਸੁਪਨਿਆਂ ਨੂੰ ਸਾਕਾਰ ਕਰਨ*

*ਲਈ ਉਸ ਨੇ ਆਪਣੇ ਆਪ ਨੂੰ ਇਨਸਾਨ ਤੋਂ ਵੱਧ ਮਸ਼ੀਨ ਬਣਾ ਲਿਆ ਸੀ। ਕਾਲਜ, ਐਡ ਏਜੰਸੀ, ਬੁਟੀਕ ਦੀ ਕਢਾਈ ਦਾ ਕੰਮ, ਫਿਰ ਗਈ ਰਾਤ ਤੱਕ ਪੇਂਟਿੰਗ। ਮੁਸ਼ਕਿਲ ਨਾਲ਼ ਘੰਟਾ ਡੇਢ ਘੰਟਾ ਸੌਂ ਕੇ ਉਹ ਫਿਰ ਅਧੂਰੇ ਪਏ ਕੰਮਾਂ ਵਿਚ ਜੁਟ ਜਾਂਦੀ।"*[16]

ਅਨੇਕਾਂ ਦੁੱਖਾਂ ਦਾ ਸਾਹਮਣਾ ਕਰਦੇ ਹੋਏ ਮਾਇਆ ਪ੍ਰੋ. ਬ੍ਰਹਮ ਜਗਦੀਸ਼ ਦੀ ਹੌਸਲਾ ਅਫ਼ਜਾਈ ਨਾਲ਼ ਆਪਣੀ ਸਿਰਜਣਾ ਵਿਚ ਪੂਰੀ ਤਰ੍ਹਾਂ ਖੁੱਭ ਜਾਂਦੀ ਹੈ। ਕਲਾ ਦਾ ਇਹੀ ਜਨੂੰਨ, ਕੁਝ ਜਾਨਣ ਦੀ ਜਗਿਆਸਾ ਹੀ ਉਸ ਨੂੰ ਦਿੱਲੀ ਤੋਂ ਵਰਮੌਂਟ ਦੇ ਆਰਟ ਫੈਸਟੀਵਲ ਤੱਕ ਤੇ ਉੱਥੋਂ ਹਿਮਾਚਲ ਦੇ ਰਾਣੀਖੇਤ ਵਿਚ ਹੋ ਰਹੇ 'ਆਰਟ ਫੈਸਟੀਵਲ' ਤੱਕ ਲੈ ਜਾਂਦਾ ਹੈ। ਇੱਥੇ ਉਸ ਦੀ ਮੁਲਾਕਾਤ ਅਲਿਕਸ ਬੋਹਿਮ ਤੋਂ ਰਹੱਸਵਾਦ ਦੇ ਰਹੱਸਾਂ ਦੀ ਥਾਹ ਪਾਉਣ ਲਈ ਬਣੇ ਗੁਰੂ ਸਿਧਾਰਥ ਨਾਲ਼ ਹੁੰਦੀ ਹੈ ਜੋ ਉਸ ਦੀ ਅਸਧਾਰਨਤਾ ਨੂੰ ਪਹਿਚਾਣ ਲੈਂਦਾ ਹੈ ਪਰ ਮਾਇਆ ਉਸ ਨੂੰ ਆਪਣੀ ਅਤ੍ਰਿਪਤ ਜਗਿਆਸਾ ਤੋਂ ਜਾਣੂ ਕਰਵਾਉਂਦੀ ਹੈ।

*"ਮੈਂ ਤਾਂ ਇਕ ਕੋਰੇ ਜ਼ਿਹਨ ਤੇ ਸਧਾਰਨ ਬੁੱਧੀ ਵਾਲੀ ਇਨਸਾਨ ਹਾਂ ਗੁਰੂ ਜੀ। ਜਾਣਨ ਦੀ ਜਗਿਆਸਾ ਹੀ ਮੈਨੂੰ ਥਾਂ-ਥਾਂ ਭਟਕਾਉਂਦੀ ਹੈ। ਪਰ ਇਹ ਜਾਣਨਾ ਕੀ ਹੈ? ਇਸ ਦੀ ਮੈਨੂੰ ਸਮਝ ਨਹੀਂ। ਕਦੀ ਮੈਂ ਉਹ ਪੇਂਟਿੰਗ 'ਚੋਂ ਜਾਣਨਾ ਚਾਹੁੰਦੀ ਹਾਂ, ਕਦੀ ਕਿਤਾਬਾਂ 'ਚੋਂ, ਕਦੀ ਕਿਸੇ ਦੀ ਸੰਗਤ 'ਚੋਂ ਤੇ ਕਦੀ ਆਪਣੇ ਅੰਦਰ ਪੱਸਰੇ ਖਲਾਅ 'ਚੋਂ। ਪਰ ਮੈਨੂੰ ਕੁਝ ਨਹੀਂ ਸੁੱਝਦਾ। ਕੋਈ ਜਗਿਆਸਾ ਸ਼ਾਂਤ ਨਹੀਂ ਹੁੰਦੀ। ਕਿਸੇ ਤ੍ਰਿਪਤੀ ਦਾ ਅਹਿਸਾਸ ਨਹੀਂ ਹੁੰਦਾ। ਸਿਰਫ਼ ਭਟਕਣ ਹੀ ਭਟਕਣ ਹੈ। ਤਨ ਦੀ, ਮਨ ਦੀ, ਰੂਹ ਦੀ...."*[17]

ਜਿਸ ਜਨੂੰਨ ਤੇ ਜਗਿਆਸਾ ਵਸ ਬਲਵੀਰ ਘਰੋਂ ਭੱਜ ਮਾਇਆ ਬਣੀ ਸੀ ਉਸ ਦਾ ਉਹੀ ਜਨੂੰਨ ਤੇ ਜਗਿਆਸਾ ਹੁਣ ਉਸ ਨੂੰ ਸ਼ਾਂਤ ਨਹੀਂ ਕਰ ਰਹੇ ਸਨ ਸਗੋਂ ਉਹ ਕਿਸੇ ਭਟਕਣ ਵਿਚ ਗੁਆਚਦੀ ਜਾ ਰਹੀ ਸੀ। ਉਸ ਨੂੰ ਆਪਣੀ ਇਸ ਭਟਕਣ ਦਾ ਰਾਹ ਸਾਹਿਬ ਨਾਲ਼ ਮੁਲਾਕਾਤ ਤੋਂ ਬਾਅਦ ਮਿਲਿਆ। ਉਹ ਆਪਣੀ ਕਲਾ ਲਈ ਰਚਨਾਤਮਾ ਦੀ ਸਿਖ਼ਰ ਤੇ ਕੁਦਰਤ ਦੀ ਰਚਨਾਤਮਕਾ ਦੇ ਅਨੁਭਵ ਨੂੰ ਸਾਹਿਬ ਤੇ ਸੂਖਮ ਦੇ ਬੱਚੇ ਨੂੰ ਆਪਣੀ ਕੁੱਖ 'ਚ ਸਿਰਜਣ ਵਿਚ ਮਹਿਸੂਸ ਕਰਦੀ ਹੈ।

*"ਮੈਂ ਇਕ ਰਚਨਾਕਾਰ ਹਾਂ ਸਾਹਿਬ। ਹਰ ਵੇਲੇ ਕੁਝ ਨਵਾਂ ਤੇ ਅਨੋਖਾ ਕ੍ਰਿਏਟ ਕਰਨ ਦਾ ਜਨੂੰਨ ਮੈਨੂੰ ਉਕਸਾਉਂਦਾ ਰਹਿੰਦਾ ਹੈ। ਹੁਣ ਵੇਖ ਨਾ, ਬੱਚਾ ਪੈਦਾ ਕਰਨਾ ਵੀ ਤਾਂ ਕੁਦਰਤ ਦਾ ਸਭ ਤੋਂ ਖ਼ੂਬਸੂਰਤ ਰਚਨਾਤਮਕ ਕਾਰਜ ਹੈ। ਮੈਂ ਆਪਣੀ ਕਲਾ ਨੂੰ, ਇਸ ਰਚਨਾਤਮਿਕਤਾ ਤੋਂ ਵਾਂਝਿਆ ਰੱਖਣਾ ਨਹੀਂ ਚਾਹੁੰਦੀ।"*[18]

ਮਾਂ ਬਣਨਾ ਸਭ ਤਰ੍ਹਾਂ ਦੇ ਰਚਨਾਤਮਕ ਅਮਲਾਂ ਦਾ ਸਿਖ਼ਰ ਹੈ ਜਿਸ ਨੂੰ ਅਮਲ ਵਿਚ ਲਿਆ ਕੇ ਔਰਤ ਸੰਪੂਰਨ ਹੋ ਜਾਂਦੀ ਹੈ ਤੇ ਉਸ ਦੀ ਭਟਕਣ ਮਿਟ ਜਾਂਦੀ ਹੈ। ਇਸੇ ਅਮਲ ਵਿਚੋਂ ਲੰਘਦੀ ਹੋਈ ਮਾਇਆ ਨੂੰ ਆਪਣੇ ਰਚਨਾਤਮਕ ਅਮਲ ਦਾ ਸਿਖ਼ਰ ਪ੍ਰਾਪਤ ਹੋ ਜਾਂਦਾ ਹੈ ਤੇ ਉਸ ਦੇ ਚੰਚਲ ਮਨ ਨੂੰ ਸ਼ਾਂਤੀ ਮਿਲ ਜਾਂਦੀ ਹੈ ਤੇ ਉਹ ਆਪਣੀ ਕਲਾ ਦਾ ਰਾਹ ਛੱਡ 'ਦੁਰਗੰਧਪੁਰ' ਦੀ ਉਸ ਮਾਈ ਦੀ ਝੌਂਪੜੀ ਵਿਚ ਪਹੁੰਚ ਕੇ ਇਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਦੀ ਹੈ ਜਿਸ ਵਿਚ ਉਹ ਕਲਾ ਸਿਰਜਕ ਤੋਂ ਵਧੇਰੇ ਕਲਾ ਦੀ ਸਿੱਖਿਆ ਦੇ ਕੇ ਆਮ ਲੋਕਾਂ ਨੂੰ ਜ਼ਮਾਨੇ ਦੇ ਹਾਣ ਦੇ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਮਾਇਆ ਦਾ ਇਹ ਰੂਪ ਦੇਖ ਗੁਰੂ ਸਿਧਾਰਥ ਨੂੰ ਮਾਇਆ ਦੇ ਵਾਪਸ ਆ ਕੇ ਉਨ੍ਹਾਂ ਦੀ 'ਆਨੰਦ ਕੁਟੀਆ' ਵਾਲ਼ੀ ਐਸ਼ੋ-ਅਰਾਮ ਦੀ ਜ਼ਿੰਦਗੀ ਛੱਡ ਇਸ ਗਰੀਬ ਝੌਂਪੜੀ ਵਿਚ ਰਹਿਣ ਕਾਰਨ, ਆਪਣਾ ਤੇ ਆਪਣੀ ਆਨੰਦ ਕੁਟੀਆ ਦਾ ਅਪਮਾਨ ਮਹਿਸੂਸ ਹੋਇਆ। ਉਹ ਆਪਣੇ ਅਹੰਮ ਨੂੰ ਸ਼ਾਂਤ ਕਰਨ ਲਈ ਮਾਇਆ ਨੂੰ ਮਿਲਣ ਉਸ ਘੁਮਿਆਰ ਬਸਤੀ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਮਾਇਆ ਦਾ ਅਲੱਗ ਹੀ ਰੂਪ ਦਿਖਾਈ ਦਿੰਦਾ ਹੈ, *"ਗੁਰੂਦੇਵ ਇਕ ਪਾਸੇ ਆਪੇ ਕ੍ਰੋਧ ਦੀ ਅਗਨੀ ਵਿਚ ਝੁਲਸਦੇ ਥਰ ਥਰ ਕੰਬ ਰਹੇ ਸਨ ਪਰ ਦੂਜੇ ਪਾਸੇ ਟੁੱਟੇ ਭਾਂਡਿਆਂ ਤੇ ਕਦੀ ਮਾਇਆ ਦੇ ਵਿਹੜੇ 'ਤੇ ਪੱਸਰੀ ਮਮਤਾ ਅਤੇ ਸਕੂਨ ਦੇ ਮਹਾਂਅਨੰਦ ਨੂੰ ਵੇਖਦੇ ਅਚੰਭਿਤ ਹੋ ਰਹੇ ਸਨ। ਉਨ੍ਹਾਂ ਨੇ ਐਸਾ ਸਕੂਨ, ਐਸੀ ਸ਼ਾਂਤੀ ਤੇ ਪਰਮ ਆਨੰਦ ਕਦੀ ਕਿਸੇ ਦੇ ਚਿਹਰੇ 'ਤੇ ਨਹੀਂ ਸੀ ਵੇਖਿਆ ਜੋ ਉਨ੍ਹਾਂ ਨੂੰ ਇਸ ਵੇਲੇ ਮਾਇਆ ਦੇ ਚਿਹਰੇ 'ਤੇ ਨਜ਼ਰ ਆ ਰਿਹਾ ਸੀ।"*[19] ਸਮਾਜ ਜਿਸ ਨੂੰ'ਦੁਰਗੰਧਪੁਰ' ਕਹਿੰਦਾ ਹੈ ਉਸ ਵਿਚੋਂ ਆਨੰਦ ਪ੍ਰਾਪਤ ਕਰ ਰਹੀ ਮਾਇਆ ਦੇ ਚਿਹਰੇ 'ਤੇ ਸ਼ਾਂਤੀ ਤੇ ਸਕੂਨ ਦੇਖ ਗੁਰੂ ਸਿਧਾਰਥ ਹੈਰਾਨ ਰਹਿ ਜਾਂਦੇ ਹਨ।

'ਮਾਇਆ' ਨਾਵਲ ਦਾ ਸੰਬੰਧ ਜੰਮੂ-ਕਸ਼ਮੀਰ ਦੇ ਗੁਰ-ਸਿੱਖ ਪਰਿਵਾਰਾਂ ਨਾਲ਼ ਹੈ। ਇਸੇ ਲਈ ਬਿਰਤਾਂਤਕਾਰ ਨੇ ਸਿੱਖ ਧਰਮ ਦੇ ਪਵਿੱਤਰ ਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਹੋਏ ਹਮਲੇ ਤੇ ਸਾਕਾ ਨੀਲਾ ਤਾਰਾ ਦੀਆਂ ਘਟਨਾਵਾਂ ਦੇ ਵਿਚਾਰਧਾਰਾਈ ਆਧਾਰ ਨੂੰ ਨਾਵਲ ਦੇ ਪਾਤਰਾਂ ਨਾਲ਼ ਸੰਬੰਧਤ ਕਰਕੇ ਬਿਰਤਾਂਤ ਸਿਰਜਿਆ ਹੈ। ਨਾਵਲ ਦੀ ਮੁੱਖ ਪਾਤਰ ਭਾਵੇਂ ਮਾਇਆ ਹੈ ਪਰ ਇਨ੍ਹਾਂ ਘਟਨਾਵਾਂ ਦਾ ਸਿੱਧਾ ਸੰਬੰਧ ਮਾਇਆ ਤੇ ਉਸ ਦੇ ਪਰਿਵਾਰ ਵਿਚ ਸੰਬੰਧ ਜੋੜਨ ਵਾਲੀ ਕੜੀ 'ਸਾਹਿਬਜੀਤ' ਦੇ ਪਾਤਰ ਨਾਲ਼ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਪਰ ਮਾਇਆ ਵੀ ਕਿਉਂਕਿ ਗੁਰਸਿੱਖ ਨਾਨੇ ਪੋਜੀ ਦੀ ਅਧਿਆਤਮਿਕ ਸਖਸ਼ੀਅਤ ਦੇ ਪਾਲਣ-ਪੋਸ਼ਣ ਵਿਚ ਪਲੀ ਸੀ ਤਾਂ ਉਹ ਵੀ ਕੌਮ ਦੇ ਇਸ ਪਵਿੱਤਰ ਸਥਾਨ ਦੀ ਬੇਅਦਬੀ ਤੇ ਕੌਮ ਦੇ ਹੋਏ ਘਾਣ ਤੋਂ ਅਛੂਤੀ ਨਹੀਂ ਰਹਿ ਸਕਦੀ ਸੀ। ਉਸ ਦਾ ਕੌਮ ਪ੍ਰਤੀ ਦਰਦ ਉਸ ਦੀ ਕਲਾ ਰਾਹੀਂ ਜ਼ੁਬਾਨ ਹਾਸਲ ਕਰਦਾ ਹੈ, ਜਦੋਂ ਢਹਿ ਚੁੱਕੀ ਇਮਾਰਤ ਦੇ ਬਿੰਬ ਨੂੰ ਦੇਖ ਉਸ ਦਾ ਦਿਲ ਆਪਣੀ ਪੀੜ ਨੂੰ ਕਲੈਂਡਰ ਦੇ ਪਿਛਲੇ ਪੇਜ਼ 'ਤੇ ਕੋਲੇ ਦੀ ਮਦਦ ਨਾਲ਼ ਉਲੀਕਦਾ ਹੈ। ਉਸ ਨੇ ਇਸ ਪੀੜ ਨੂੰ ਆਪਣੀ ਕਲਾ ਰਾਹੀਂ ਬਿਆਨ ਕੀਤਾ।

"ਅਗਰ ਤੂੰ ਉਸ ਚਿੱਤਰ ਵਰਗੇ ਕੁਝ ਹੋਰ ਚਿੱਤਰ ਵੀ ਬਣਾ ਸਕੇਂ ਤਾਂ ਸ਼ਾਇਦ ਤੇਰੇ ਅੰਦਰਲੇ ਦਰਦ ਨੂੰ ਬਾਹਰ ਨਿਕਲਣ ਦੀ ਰਾਹ ਮਿਲ ਜਾਵੇ ਤੇਰੀ ਬੇਚੈਨੀ ਅਤੇ ਪੀੜ ਨੂੰ ਰਾਹਤ ਮਿਲ ਸਕੇ।" ਪ੍ਰੋਫੈਸਰ ਸਾਹਿਬ ਨੇ ਉਸ ਨੂੰ ਸਲਾਹ ਦਿੱਤੀ ਤਾਂ ਉਸੇ ਸ਼ਾਮ ਉਸ ਨੇ ਪਹਿਲੀ ਪੇਂਟਿੰਗ ਲਾਹ ਕੇ ਸਾਂਭ ਲਈ ਤੇ ਦੂਜਾ ਕੈਨਵਸ ਸ਼ੁਰੂ ਕਰ ਲਿਆ। ਦਰਬਾਰ ਸਾਹਿਬ ਵਿਚ ਉਸ ਨੇ ਜੋ ਕੁਝ ਵੇਖਿਆ ਸੀ, ਉਹੀ ਉਸ ਦੇ ਚਿੱਤਰਾਂ 'ਚੋਂ ਝਲਕਣ ਲਗ ਪਿਆ। ਥੰਮ੍ਹ ਓਹਲਿਓਂ ਲੁਕ ਕੇ ਉਸ ਵੱਲ ਵੇਖਦਾ ਇਕ ਮਾਸੂਮ ਚਿਹਰਾ ਜਿਸ ਦੀਆਂ ਅੱਖਾਂ ਦੀ ਹੈਰਾਨੀ ਅਤੇ ਸਹਿਮ ਨਾਲ਼ ਐਸਾ ਪ੍ਰਭਾਵ ਪੈਦਾ ਕਰ ਰਹੀਆਂ ਸਨ ਜਿਵੇਂ ਉਸ ਪੇਂਟਿੰਗ ਦਾ ਮਕਸਦ ਹੀ ਉਨ੍ਹਾਂ ਅੱਖਾਂ ਦੇ ਸਹਿਮ ਰਾਹੀਂ ਪੰਜਾਬ ਤ੍ਰਾਸਦੀ ਨੂੰ ਜ਼ੁਬਾਨ ਦੇਣਾ ਹੋਵੇ।"[20]

ਮਾਇਆ ਆਪਣੀ ਕੌਮ ਦੇ ਇਸ ਦਰਦ ਨੂੰ ਆਪਣੇ ਚਿੱਤਰਾਂ ਦੀ ਇਕ ਪੂਰੀ ਲੜੀ ਰਾਹੀਂ ਪਰੋ ਕੇ ਬਿਆਨ ਕਰਦੀ ਹੈ। ਮਨੁੱਖਤਾ ਦੇ ਇਸ ਘਾਣ ਨੂੰ ਉਹ ਆਪਣੇ ਰੰਗਾਂ ਰਾਹੀਂ ਜ਼ੁਬਾਨ ਦਿੰਦੀ ਆਪਣਾ ਯੋਗਦਾਨ ਪਾਉਂਦੀ ਹੈ।

'ਮਾਇਆ' ਨਾਵਲ ਦੇ ਮੁੱਖ ਪਾਤਰ ਦੇ ਬਿੰਬ ਨੂੰ ਪਰਖਦੇ ਹੋਏ ਬਿਰਤਾਂਤਕਾਰ ਦੁਆਰਾ ਵਰਤੇ ਵੱਖ-ਵੱਖ ਵਿਚਾਰਧਾਰਾਈ ਅਧਾਰਾਂ ਨੂੰ ਪਛਾਣਨ ਦਾ ਯਤਨ ਕੀਤਾ ਗਿਆ ਹੈ ਜਿਸ ਵਿਚੋਂ ਔਰਤ ਦੀ ਹੋਂਦ ਦਾ ਸਵਾਲ ਨਾਵਲ ਦੇ ਕਥਾਨਕ ਦੇ ਆਰ-ਪਾਰ ਫੈਲਿਆ ਹੋਇਆ ਹੈ। ਆਪਣੀ ਇਸੇ ਹੋਂਦ ਨੂੰ ਬਣਾਉਣ, ਮਜ਼ਬੂਤ ਕਰਨ ਤੇ ਇਸੇ ਹੋਂਦ ਤੋਂ ਪਾਰ ਜਾਣ ਦੇ ਸਫ਼ਰ ਵਿਚ 'ਮਾਇਆ' ਨੂੰ ਅਨੇਕਾਂ ਦੁੱਖ-ਤਕਲੀਫਾਂ, ਤਨ,ਮਨ ਦਾ ਸ਼ੋਸ਼ਣ ਸਹਿਣ ਦੇ ਨਾਲ-ਨਾਲ ਆਪਣੇ ਆਪੇ ਨਾਲ ਇਕ ਲੰਬੀ ਜੰਗ ਲੜਨੀ ਪਈ। ਅੰਤ ਬਿਰਤਾਂਤਕਾਰ ਨੇ ਮਾਇਆ ਨੂੰ ਔਰਤ ਦੀ ਮੁਕਤੀ ਦਾ ਚਿੰਨ੍ਹ ਬਣਾ ਕੇ ਸ਼ਕਤੀ ਦਾ ਅਹਿਸਾਸ ਕਰਵਾਇਆ ਹੈ ਜੋ ਨਾਵਲ ਦੇ ਆਖ਼ਰੀ ਕਾਂਡ ਵਿਚ ਵੀ ਆਪਣੇ ਅਗਲੇਰੇ ਰਾਹਾਂ ਦੀ ਤਲਾਸ਼ ਕਰਦੀ ਸਦਾ ਗਤੀ ਵਿਚ ਰਹਿੰਦੀ ਹੈ।

## ਹਵਾਲੇ ਅਤੇ ਟਿੱਪਣੀਆ


1. *ਨੀਰ ਸੁਰਿੰਦਰ, 2013, ਮਾਇਆ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ, ਪੰਨਾ: 13.*
2. *ਉਹੀ, ਪੰਨਾ: 15.*
3. *ਉਹੀ, ਪੰਨਾ: 35.*
4. *ਗੁਰਬਚਨ,2016, ਪੰਜਾਬ/ਪੰਜਾਬੀ ਸਾਹਿਤ ਦਸ਼ਾ ਦਿਸ਼ਾ, ਐਵਿਸ਼ ਪਬਲੀਕੇਸ਼ਨਜ਼, ਚਾਂਦਨੀ ਚੌਕ ਦਿੱਲੀ, ਪੰਨਾ: 330.*
5. *ਸੁਰਿੰਦਰ ਨੀਰ, ਉਹੀ, ਪੰਨਾ: 10.*
6. *ਕੁਮਾਰ ਰਵਿੰਦਰ (ਡਾ.), 2005, ਔਰਤ ਤੇ ਦਲਿਤ ਹਾਸ਼ੀਆਗਤ ਪ੍ਰਵਚਨ:ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਪੰਨਾ: .25.*
7. *ਨੀਰ ਸੁਰਿੰਦਰ, ਉਹੀ, ਪੰਨਾ: 54.*
8. *ਉਹੀ, ਪੰਨਾ: 58.*
9. *ਉਹੀ, ਪੰਨਾ: 162.*
10. *ਉਹੀ, ਪੰਨਾ: 239.*
11. *ਉਹੀ, ਪੰਨਾ: 350.*
12. *ਉਹੀ, ਪੰਨਾ: 290.*
13. *ਉਹੀ, ਪੰਨਾ: 492.*
14. *ਉਹੀ, ਪੰਨਾ: 687.*
15. *ਉਹੀ, ਪੰਨਾ: 529.*
16. *ਉਹੀ, ਪੰਨਾ: 127.*
17. *ਉਹੀ, ਪੰਨਾ: 467.*
18. *ਉਹੀ, ਪੰਨਾ: 698.*
19. *ਉਹੀ, ਪੰਨਾ: 498.*
20. *ਉਹੀ, ਪੰਨਾ: 184.*



### *Cite this Article-*

*ਡਾ. ਮਨਪ੍ਰੀਤ ਕੌਰ (Dr. Manpreet Kaur), ਸੁਰਿੰਦਰ ਨੀਰ ਰਚਿਤ ਨਾਵਲ 'ਮਾਇਆ' ਦਾ ਵਿਚਾਰਧਾਰਕ ਪਰਿਪੇਖ (Surinder Neer Rachit naval 'Maya' da Vichardharak Prepekh), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 19-24*

*Journal URL: www.armaan.org.in*

*DOI: https://doi.org/10.64119/armaan.vol.4.issue2.04*



cc BY NC

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*